ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਫੇਜ-8, ਐਸ.ਏ.ਐਸ. ਨਗਰ ।
(ਵੋਕੇਸ਼ਨਲ ਸਾਖਾ)

ਵੱਲ

ਸਮੂਹ ਜਿਲਾ ਸਿੱਖਿਆ ਅਫਸਰ ( ਸੈ:ਸਿ:)
ਪੰਜਾਬ ਰਾਜ ।

5847
31-12-13

ਮੀਮੋ ਨੰ: 5/60 -2013 ਵੋਕੇਸ਼ਨਲ (3)
ਮਿਤੀ ਐਸ.ਏ.ਐਸ. ਨਗਰ :- 26/12/13

ਵਿਸ਼ਾ :- ਬਤੌਰ ਵੋਕੇਸ਼ਨਲ ਮਾਸਟਰ/ਮਿਸਟ੍ਰੈਸ ਤਰੱਕੀਆਂ ਦੇ ਕੇਸ ਭੇਜਣ ਬਾਰੇ ।

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ, ਸਿੱਖਿਆ ਵਿਭਾਗ ( ਸਿੱਖਿਆ-2 ਸਾਖਾ) ਵੱਲੋਂ ਮਿਤੀ 08-07-1995 ਰਾਹੀਂ ਜਾਰੀ ਕੀਤੀ ਨੋਟੀਫਿਕੇਸ਼ਨ ਮੁਤਾਬਿਕ ਵੋਕੇਸ਼ਨਲ ਮਾਸਟਰਾਂ ਦੀਆਂ 25% ਤਰੱਕੀ ਕੋਟੇ ਰਾਹੀਂ ਭਰੀਆਂ ਜਾਣ ਵਾਲੀਆ ਪੋਸਟਾ ਲਈ ਹੇਠ ਲਿਖੀਆਂ ਟਰੇਡਾਂ ਤੇ ਕੰਮ ਕਰਦੇ ਕਰਮਚਾਰੀਆਂ ਜਿਵੇਂ ਕਿ ਟੈਕਨੀਕਲ ਇੰਸਟਰਕਟਰ, ਮਾਸਟਰ ਕਰਾਫਟਸਮੈਨ ਗਰੇਡ-2, ਮਾਸਟਰ ਤਕਨੀਸੀਅਨ ਗਰੇਡ-2, ਡਰਾਫਟਸਮੈਨ, ਜੂਨੀਅਰ ਇੰਸਪੈਕਟਰ, ਵਰਕ ਐਕਸਪੀਰੀਐਂਸ ਟੀਚਰ, ਵੋਕੇਸ਼ਨਲ ਟੀਚਰ, ਕਰਾਫਟਸ ਇੰਸਟਰਕਟਰ, ਵਰਕਸ਼ਾਪ ਸੁਪਰਡੰਟ, ਮਲਟੀ ਇੰਸਟਰਕਟਰ ਕਮਰਸ ਅਸੀਸਟੈਂਟ, ਵਿਭਾਗੀ ਸਟੈਨੋ ਗਰਾਫਰ ਵਿੱਚੋਂ ਬਤੌਰ ਵੋਕੇਸ਼ਨਲ ਮਾਸਟਰ / ਮਿਸਟ੍ਰੈਸ ਤਰੱਕੀਆਂ ਕਰਨ ਲਈ ਵਿਚਾਰ ਕੀਤਾ ਜਾ ਰਿਹਾ ਹੈ । ਇਹ ਤਰੱਕੀਆਂ ਕਰਨ ਲਈ ਜੋ ਕਰਮਚਾਰੀ ਨੋਟੀਫਿਕੇਸ਼ਨ ਮਿਤੀ 08-07-1995 ਅਨੁਸਾਰ ਵੋਕੇਸ਼ਨਲ ਮਾਸਟਰ/ ਮਿਸਟ੍ਰੈਸ ਦੀ ਸਿੱਧੀ ਭਰਤੀ ਦੀਆਂ ਨਿਰਧਾਰਤ ਕੀਤੀਆਂ ਯੋਗਤਾਵਾ ਪੂਰੀਆ ਕਰਦੇ ਹੋਣ, ਉਹਨਾਂ ਪਾਤਰ ਕਰਮਚਾਰੀਆਂ ਦੇ ਕੇਸ ਮਿਤੀ 15-01-2014 ਤੱਕ ਇਸ ਦਫਤਰ ਵਿੱਚ ਹਰ ਹਾਲਤ ਵਿੱਚ ਪੁਜਦੇ ਕੀਤੇ ਜਾਣ ਅਤੇ ਜੇਕਰ ਆਪ ਦੇ ਜਿਲੇ ਵਿੱਚ ਕੋਈ ਪਾਤਰ ਕਰਮਚਾਰੀ ਨਾ ਹੋਵੇ ਜਾਂ ਕੋਈ ਕਰਮਚਾਰੀ ਤਰੱਕੀ ਨਾ ਲੈਣਾ ਚਾਹੁੰਦਾ ਹੋਵੇ ਤਾਂ ਇਸ ਬਾਰੇ ਬਾਰੇ ਵੀ ਸੂਚਨਾ / ਸਬੰਧਤ ਕਰਮਚਾਰੀ ਵੱਲੋਂ ਇਨਕਾਰ ਕਰਨ ਸਬੰਧੀ ਸਰਟੀਫਿਕੇਟ ਭੇਜਣਾ ਯਕੀਨੀ ਬਣਾਇਆ ਜਾਵੇ ।

2. ਤਰੱਕੀ ਕੋਟੇ ਦੀਆਂ ਪੋਸਟਾ ਭਰਨ ਲਈ ਹੇਠ ਲਿਖੇ ਪ੍ਰੋਫਾਰਮੇ ਵਿੱਚ ਸੂਚਨਾ ਭੇਜੀ ਜਾਵੇ ।

| ਲੜੀ ਨੰ: | ਤਰੱਕੀ ਰਾਹੀਂ ਭਰੀਆਂ ਜਾਣ ਵਾਲੀਆ ਪੋਸਟਾਂ ਦੀ ਕੁੱਲ ਗਿਣਤੀ | | | ਤਰੱਕੀ ਕੋਟੇ ਦੀਆਂ ਭਰੀਆਂ ਪੋਸਟਾਂ ਦੀ ਗਿਣਤੀ | | | ਤਰੱਕੀ ਕੋਟੇ ਦੀਆਂ ਖਾਲੀ ਪੋਸਟਾਂ ਦੀ ਗਿਣਤੀ | | | ਵਿਸ਼ੇਸ਼ ਕਥਨ |
|---|---|---|---|---|---|---|---|---|---|---|
| | ਜਨਰਲ | ਅ:ਜਾਤੀ | ਅੰਗਹੀਣ | ਜਨਰਲ | ਅ:ਜਾਤੀ | ਅੰਗਹੀਣ | ਜਨਰਲ | ਅ:ਜਾਤੀ | ਅੰਗਹੀਣ | |
| 1 | 2 | 3 | 4 | 5 | 6 | 7 | 8 | 9 | 10 | 11 |

3. ਇਸ ਦੇ ਨਾਲ ਵੋਕੇਸ਼ਨਲ ਮਾਸਟਰਾਂ ਦੀ ਸਕੂਲ ਵਾਈਜ ਅਤੇ ਟਰੇਡ ਵਾਈਜ ਖਾਲੀ ਆਸਾਮੀਆਂ ਦੀ ਸੂਚਨਾ ਭੇਜਣਾ ਵੀ ਯਕੀਨੀ ਬਣਾਇਆ ਜਾਵੇ ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ।

18-12-2013
ਡਿਪਟੀ ਡਾਇਰੈਕਟਰ ( ਵੋਕੇਸ਼ਨਲ )

ਪਿੱਠ ਅੰਕਣ ਨੰ: ਉਕਤ

ਮਿਤੀ ਐਸ.ਏ.ਐਸ. ਨਗਰ :-

ਉਪਰੋਕਤ ਦਾ ਉਤਾਰਾ ਮੰਡਲ ਸਿੱਖਿਆ ਅਫਸਰ, ਜਲੰਧਰ, ਨਾਭਾ ਅਤੇ ਫਰੀਦਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਜਿਲਿਆਂ ਤੋਂ ਸੂਚਨਾ ਇਸ ਦਫਤਰ ਨੂੰ ਪੁੱਜਦੀ ਕਰਨੀ ਯਕੀਨੀ ਬਣਾਇਆ ਜਾਵੇ ।

ਡਿਪਟੀ ਡਾਇਰੈਕਟਰ (ਵੋਕੇਸ਼ਨਲ)

# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਜਲੰਧਰ

ਪਿੱਠ ਅੰਕਣ ਨੰ. ਵੋਕ./2014- 115
ਮਿਤੀ ਜਲੰਧਰ : 01.01.2014

ਉਤਾਰਾ ਜ਼ਿਲ੍ਹਾ ਜਲੰਧਰ ਦੇ ਸਬੰਧਤ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਿਤੀ 08.01.2014 ਤੱਕ ਬਤੌਰ ਵੋਕੇਸ਼ਨਲ ਮਾਸਟਰ / ਮਿਸਟ੍ਰੈਸ ਤਰੱਕੀਆਂ ਦੇ ਕੇਸ ਦਫਤਰ ਵਿਖੇ ਡੀਲਿੰਗ ਸਹਾਇਕ ਤੋਂ ਚੈਕ ਕਰਵਾ ਕੇ ਜਮ੍ਹਾਂ ਕਰਵਾਏ ਜਾਣ ਅਤੇ ਨੱਥੀ ਪ੍ਰੋਫਾਰਮੇਂ ਅਨੁਸਾਰ ਹੀ ਸੂਚਨਾ ਲਿਆਂਦੀ ਜਾਵੇ। ਜੇਕਰ ਆਪ ਦੇ ਸਕੂਲ ਵਿੱਚ ਪਾਤਰ ਕਰਮਚਾਰੀ ਨਾ ਹੋਵੇ ਜਾਂ ਤਰੱਕੀ ਨਾ ਲੈਣਾ ਚਾਹੁੰਦਾ ਹੋਵੇ ਤਾਂ ਇਸ ਬਾਰੇ ਵੀ ਸੂਚਨਾ / ਸਬੰਧਤ ਕਰਮਚਾਰੀ ਵਲੋਂ ਇਨਕਾਰ ਕਰਨ ਸਬੰਧੀ ਸਰਟੀਫਿਕੇਟ ਭੇਜਣਾ ਯਕੀਨੀ ਬਣਾਇਆ ਜਾਵੇ।

1/1/14

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਜਲੰਧਰ